ਨਗਰ ਨਿਗਮ ਜਲੰਧਰ

ਵਿਸ਼ਾ:- ਨਗਰ ਨਿਗਮ, ਜਲੰਧਰ ਦੇ ਸਾਲ 2018-19 ਦੇ ਸੋਧੇ ਅਤੇ ਸਾਲ 2019-20 ਦੇ ਬਜਟ ਤਖਮੀਨੇ ਪਾਸ ਕਰਨ ਬਾਰੇ।

ਹਰ ਸਾਲ ਦੀ ਤਰ੍ਹਾਂ ਅਗਲੇ ਵਿਤੀ ਸਾਲ 2019-20 ਲਈ ਬਜ਼ਟ ਤਖਮੀਨੇ ਤਿਆਰ ਕਰਣ ਅਤੇ ਚਾਲੂ ਵਿੱਤੀ ਸਾਲ ਲਈ ਸੋਧੇ ਹੋਏ ਬਜਟ ਤਖਮੀਨੇ ਤਿਆਰ ਕਰਨ ਲਈ ਵੱਖ-2 ਬ੍ਰਾਂਚ ਦੇ ਮੁੱਖੀਆਂ ਤੋਂ ਸੂਚਨਾਂ ਪ੍ਰਾਪਤ ਕਰਨ ਅਤੇ ਮੀਟਿੰਗ ਵਿਚ ਕੀਤੇ ਵਿਚਾਰ ਵਟਾਂਦਰੇ ਉਪਰੰਤ ਹੇਠ ਅਨੁਸਾਰ ਸਾਲ 2019-20 ਲਈ ਵੱਖ-ਵੱਖ ਮਦਾਂ ਤਹਿਤ ਅਨੁਮਾਨਤ ਅਤੇ ਚਾਲੂ ਵਿੱਤੀ ਸਾਲ 2018-19 ਲਈ ਸੋਧੇ ਹੋਏ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ।

ਸਾਲ 2018-19 ਲਈ ਨਗਰ ਨਿਗਮ ਵੱਲੋਂ 587.13 ਕਰੋੜ ਰੁਪਏ ਦੇ ਆਮਦਨ/ਪ੍ਰਾਪਤੀਆਂ ਦੇ ਬਜ਼ਟ ਤਖਮੀਨੇ ਪਾਸ ਕੀਤੇ ਸਨ। ਇਸ ਵਿਚ ਮੁੱਖ ਤੋਰ ਤੇ 205.00 ਕਰੋੜ ਰੁਪਏ ਸਰਕਾਰ ਤੋਂ ਵੈਟ / ਜੀ.ਐਸ.ਟੀ ਦੀ ਰਕਮ ਪ੍ਰਾਪਤ ਹੋਣ, 7.00 ਕਰੋੜ ਰੁਪਏ ਹਾਉਸ ਟੈਕਸ ਦੀ ਉਗਰਾਹੀ, 10 ਕਰੋੜ ਰੁਪਏ ਬਿਜਲੀ ਤੇ ਚੁੰਗੀ, 4.40 ਕਰੋੜ ਰੁਪਏ ਬਿਲਡਿੰਗ ਐਪਲੀਕੇਸ਼ਨ, 5.50 ਕਰੋੜ ਰੁਪਏ ਬਿਲਡਿੰਗ ਕੰਪੋਜੀਸ਼ਨ ਫੀਸ, 10 ਕਰੋੜ ਰੁਪਏ ਅਡਵਰਟਾਇਜਮੈਂਟ ਟੈਕਸ, 40 ਕਰੋੜ ਰੁਪਏ ਬਤੋਰ ਵਾਟਰ ਸਪਲਾਈ ਸੀਵਰੇਜ਼ ਚਾਰਜ਼ਜ/ਬਕਾਇਆ ਵਜੋਂ 15.00 ਕਰੋੜ ਰੁਪਏ ਦੀ ਨਗਰ ਨਿਗਮ ਵੱਲੋਂ ਆਪਣੀ ਜਾਇਦਾਦ ਵੇਚਣ ਦਾ ਅਤੇ ਰੁਪਏ 32.00 ਕਰੋੜ ਪ੍ਰੋਪਰਟੀ ਟੈਕਸ ਦੀ ਉਗਾਹੀ ਬਾਰੇ ਉਪਬੰਧ ਸੀ। ਸਰਕਾਰ ਵੱਲੋਂ ਕੁੱਲ 348.58 ਕਰੋੜ ਰੁਪਏ ਦੀ ਆਮਦਨ ਪ੍ਰਵਾਨ ਕੀਤੀ ਸੀ।ਕੁੱਲ 348.58 ਕਰੋੜ ਰੁਪਏ ਦੇ ਟੀਚੇ ਵਿਰੁਧ ਚਾਲੂ ਸਾਲ 2018-19 ਵਿੱਚ 371.97 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਹੈ ਇਸ ਤਰ੍ਹਾਂ ਸਾਲ 2018-19 ਲਈ ਆਮਦਨ/ਪ੍ਰਾਪਤੀਆਂ ਲਈ 371.97 ਕਰੋੜ ਰੁਪਏ ਦੇ ਸੋਧੇ ਤਖਮੀਨੇ ਤਿਆਰ ਕੀਤੇ ਗਏ ਹਨ। ਸਾਲ 2019-20 ਲਈ ਗ੍ਰਾਂਟ ਅਤੇ ਕਰਜੇ ਦੀ ਮਦ ਤਹਿਤ ਕੁੱਲ 46.00 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ।

ਸਾਲ 2018-19 ਵਿੱਚ ਵੱਖ-ਵੱਖ ਵਸੀਲਿਆਂ ਤੋਂ ਪ੍ਰਾਪਤ ਹੋਈ ਆਮਦਨ/ਪ੍ਰਾਪਤੀਆਂ ਨੂੰ ਮਦੇ ਨਜਰ ਰੱਖਦੇ ਹੋਏ ਸਾਲ 2019-20 ਲਈ ਆਮਦਨ/ਪ੍ਰਾਪਤੀਆਂ ਤਹਿਤ 514.50 ਕਰੋੜ ਰੁਪਏ ਦੇ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ। ਇਸ ਵਿੱਚ ਮੁੱਖ ਤੋਰ ਤੇ 225.00 ਕਰੋੜ ਰੁਪਏ ਸਰਕਾਰ ਤੋ ਜੀ.ਐਸ.ਟੀ ਦੀ ਰਾਸ਼ੀ, 12 ਕਰੋੜ ਰੁਪਏ ਬਿਜ਼ਲੀ ਤੇ 2% ਮਿਓਂਸਪਲ ਟੈਕਸ ਤੋਂ ਪ੍ਰਾਪਤੀ ਦਾ ਅਨੁਮਾਨ ਹੈ। ਇਸ ਤੋਂ ਇਲਾਵਾ 16.50 ਕਰੋੜ ਰੁਪਏ ਐਡੀਸ਼ਨਲ ਅਕਸਾਇਜ਼ ਡਿਉਟੀ ਤੋਂ, 1.00 ਕਰੋੜ ਰੁਪਏ ਬਤੋਰ ਹਾਉਸ ਟੈਕਸ ਤੋਂ, 40 ਕਰੋੜ ਰੁਪਏ ਪ੍ਰਾਪਰਟੀ ਟੈਕਸ ਤੋ, 5.00 ਕਰੋੜ ਰੁਪਏ ਬਿਲਡਿੰਗ ਐਪਲੀਕੇਸ਼ਨ ਫੀਸ, 1.00 ਕਰੋੜ ਰੁਪਏ ਬਿਲਡਿੰਗ ਕੰਮਪੋਜੀਸ਼ਨ ਫੀਸ ਅਤੇ ਚੇਂਜ ਆਫ ਲੈਂਡ ਯੂਜ਼ ਤੋਂ 8 ਕਰੋੜ ਰੁਪਏ, ਵਾਟਰ ਸਪਲਾਈ ਅਤੇ ਸੀਵਰਜ਼ ਚਾਰਜਜ਼ ਤੋਂ 35 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਹੈ।ਇਸ ਤੋਂ ਇਲਾਵਾ **PIDB, UEIP, SWACHH BHARAT MISSION, AMRUT** ਸਕੀਮ ਤਹਿਤ 48.00 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਹੈ।

ਚਲਦਾ ਪੇਜ-2

ਫਾਇਨੈਂਸ ਕਮਿਸ਼ਨ ਦੀ ਗ੍ਰਾਂਟ ਵੱਜੋਂ ਰੁਪਏ 26.00 ਕਰੋੜ ਪ੍ਰਾਪਤ ਹੋਣ ਦਾ ਅਨੁਮਾਨ ਹੈ।ਇਸ ਤੋਂ ਇਲਾਵਾ ਕੈਨਾਲ ਵਾਟਰ ਪ੍ਰੋਜੈਕਟ ਲਈ ਏ.ਡੀ.ਬੀ ਤੋਂ ਰੁ: 50.00 ਕਰੋੜ ਬਤੌਰ ਕਰਜ਼ਾ ਪ੍ਰਾਪਤ ਹੋਣ ਦੀ ਪ੍ਰੋਵੀਜ਼ਨ ਰੱਖੀ ਗਈ ਹੈ।ਆਮਦਨ/ਪ੍ਰਾਪਤੀਆਂ ਦੇ ਵਿਰੁੱਧ ਨਗਰ ਨਿਗਮ ਵੱਲੋਂ ਖਰਚੇ ਦੀਆਂ ਵੱਖ-ਵੱਖ ਮਦਾਂ ਤਹਿਤ ਸਾਲ 2018-19 ਲਈ 585.63 ਕਰੋੜ ਰੁਪਏ ਦੇ ਬਜ਼ਟ ਤਖਮੀਨੇ ਪਾਸ ਕੀਤੇ ਸਨ ਜ਼ੋਂ ਸਰਕਾਰ ਵੱਲੋਂ 348.58 ਕਰੋੜ ਰੁਪਏ ਦੇ ਪ੍ਰਵਾਨ ਕਰ ਦਿੱਤੇ ਸਨ ਜਿਸ ਵਿਚੋ ਮੁੱਖ ਤੋਰ ਤੇ 190 ਕਰੋੜ ਰੁਪਏ ਅਮਲੇ ਦੇ ਖਰਚੇ ਲਈ, 19.38 ਕਰੋੜ ਰੁਪਏ ਅਚਨਚੇਤ ਖਰਚੇ ਅਤੇ ਹੋਰ ਖਰਚਿਆ ਲਈ ਅਤੇ 139.20 ਕਰੋੜ ਵਿਕਾਸ ਦੇ ਕੰਮਾ ਤੇ ਖਰਚ ਕਰਨ ਲਈ ਪ੍ਰਵਾਨਗੀ ਦਿੱਤੀ ਸੀ। ਚਾਲੂ ਵਿੱਤੀ ਸਾਲ 2018-19 ਲਈ ਅਮਲੇ ਤੇ 195.35 ਕਰੋੜ ਰੁਪਏ ਅਤੇ ਅਚਨਚੇਤ ਅਤੇ ਹੋਰ ਖਰਚਿਆਂ ਤੇ 23.29 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਵਿਕਾਸ ਅਤੇ ਹੋਰ ਖਰਚਿਆਂ ਦੇ 144.85 ਕਰੋੜ ਰੁਪਏ ਦੇ ਖਰਚ ਹੋਣ ਦਾ ਅਨੁਮਾਨ ਹੈ।

ਅਗਲੇ ਸਾਲ 2019-20 ਲਈ ਖਰਚਿਆਂ ਦੀ ਮਦ ਤਹਿਤ 507.73 ਕਰੋੜ ਰੁਪਏ ਦਾ ਅਨੁਮਾਨਤ ਤਖਮੀਨਾਂ ਤਿਆਰ ਕੀਤਾ ਗਿਆ ਹੈ ।ਇਸ ਵਿੱਚ 212.80 ਕਰੋੜ ਰੁਪਏ ਅਮਲੇ ਦੇ ਖਰਚ ਤੇ, 27.88 ਕਰੋੜ ਰੁਪਏ ਅਚਨਚੇਤ ਅਤੇ ਹੋਰ ਖਰਚਿਆਂ ਲਈ 267.05 ਕਰੋੜ ਰੁਪਏ ਵਿਕਾਸ ਅਤੇ ਹੋਰ ਖਰਚਿਆਂ ਲਈ ਅਨੁਮਾਨਤ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ।